BRAMPTON Flower City brampton.ca

media release

1 ਮਾਰਚ, 2019

# ਬ੍ਰੈਂਪਟਨ ਨੇ ਸਮਾਰਟ ਸਿਟੀ ਟੈਕਨੋਲੋਜੀ ਵਿੱਚ ਅੰਤਰਰਾਸ਼ਟਰੀ ਸਿਖਰ ਸੰਮੇਲਨ ਵਿੱਚ ਸਹਿ-ਮੇਜ਼ਬਾਨੀ ਕੀਤੀ

***ਇਹ ਕਾਰਜਕਰਮ ਕੈਨੇਡਾ ਵਿੱਚ ਤਕਨੀਕੀ ਅਤੇ ਨਵੀਨਤਾਕਾਰੀ ਹੌਟਸਪੌਟ ਬਣਨ ਦੀ ਸਿਟੀ ਦੀ ਮੁਹਿੰਮ ਵਿੱਚ ਵਾਧੇ ਦੇ ਤੌਰ ਤੇ ਹੋਇਆ ਹੈ।***

ਬ੍ਰੈਂਪਟਨ, ਓਨਟੈਰੀਓ (1 ਮਾਰਚ, 2019) – ਮੰਗਲਵਾਰ, 26 ਫਰਵਰੀ, 2019 ਨੂੰ ਬ੍ਰੈਂਪਟਨ ਵਿੱਚ ਹੋਏ ਸਮਾਰਟ ਸਿਟੀਜ ਟੈਕਨੋਲੋਜੀਸ ਸਮਿਟ (Smart Cities Technologies Summit) ਵਿੱਚ ਅੰਤਰਰਾਸ਼ਟਰੀ ਮਾਹਰਾਂ ਨੇ ਕਿਹਾ, ਜਿਵੇਂ ਕਿ ਦੁਨੀਆਭਰ ਦੇ ਸ਼ਹਿਰ ਸਮਾਜਿਕ, ਆਰਥਿਕ ਅਤੇ ਵਾਤਾਵਰਣ ਸਬੰਧੀ ਮੋਰਚਿਆਂ ਤੇ ਕਈ ਚੁਣੌਤੀਆਂ ਦਾ ਸਾਹਮਣਾ ਕਰਦੇ ਹਨ, ਸਰਕਾਰਾਂ ਲਈ ਲਾਜ਼ਮੀ ਹੈ ਕਿ ਉਹ ਨਵੀਨਤਾਕਾਰੀ ਤਕਨੀਕਾਂ ਵਰਤਣ ਅਤੇ ਸਥਿਰ ਸ਼ਹਿਰੀ ਵਿਕਾਸ ਨੂੰ ਅਸਾਨ ਬਣਾਉਣ ਲਈ ਕਾਰੋਬਾਰੀਆਂ, ਯੂਨੀਵਰਸਿਟੀਆਂ ਅਤੇ ਭਾਈਚਾਰਿਆਂ ਦੇ ਨਾਲ ਮਿਲ ਕੇ ਕੰਮ ਕਰਨ।

ਇਸ ਕਾਰਜਕਰਮ ਦੀ ਸਹਿ-ਮੇਜ਼ਬਾਨੀ ਸਿਟੀ ਆਫ ਬ੍ਰੈਂਪਟਨ ਅਤੇ ਇਨਫਰਮੇਸ਼ਨ ਟੈਕਨੋਲੋਜੀ ਐਸੋਸੀਏਸ਼ਨ ਆਫ ਕੈਨੇਡਾ (ਆਈ.ਟੀ.ਏ.ਸੀ.) (Information Technology Association of Canada) (ITAC) ਵੱਲੋਂ ਕੀਤੀ ਗਈ ਸੀ ਅਤੇ ਇਸ ਵਿੱਚ ਪੂਰੇ ਕੈਨੇਡਾ ਅਤੇ ਯੂਰੋਪ ਤੋਂ ਵੀ ਮਿਊਨਿਸਿਪਲਟੀਜ, ਤਕਨੀਕੀ ਕੰਪਨੀਆਂ ਅਤੇ ਯੂਨੀਵਰਸਿਟੀਆਂ ਦੇ ਮਾਹਰ ਇਕੱਠੇ ਹੋਏ ਸਨ। ਵਿਚਾਰ-ਵਟਾਂਦਰੇ ਮਨੁੱਖੀ ਗਤੀਸ਼ੀਲਤਾ, ਡੇਟਾ ਨਿੱਜਤਾ ਅਤੇ ਸੁਰੱਖਿਆ, ਡਿਜੀਟਲ ਰੂਪਾਂਤਰਣ ਨੈਟਵਰਕ, ਸਿਟੀ ਦੀਆਂ ਸੇਵਾਵਾਂ ਨੂੰ ਆਧੁਨਿਕ ਬਣਾਉਣ ਅਤੇ ਨਾਗਰਿਕ ਨਵੀਨਤਾ ਤੇ ਕੇਂਦਰਿਤ ਸਨ।

ਇਹ ਸਮਿਟ ਇਸ ਸੰਦਰਭ ਨਾਲ ਹੋਇਆ ਸੀ ਕਿ ਦੁਨੀਆ ਦੇ ਸ਼ਹਿਰਾਂ ਵਿੱਚ ਅਬਾਦੀ ਕਿਵੇਂ ਤੇਜ਼ੀ ਨਾਲ ਵਧ ਰਹੀ ਹੈ। ਯੂ.ਐਨ. (UN) ਦੀ ਹਾਲੀਆ ਰਿਪੋਰਟ ਦੇ ਮੁਤਾਬਕ, 2050 ਤੱਕ ਅੱਜ ਦੇ 55 ਪ੍ਰਤੀਸ਼ਤ ਦੇ ਮੁਕਾਬਲੇ, ਦੁਨੀਆ ਦੀ ਅਬਾਦੀ ਵਿੱਚੋਂ 68 ਪ੍ਰਤੀਸ਼ਤ ਲੋਕ ਸ਼ਹਿਰਾਂ ਵਿੱਚ ਰਹਿ ਰਹੇ ਹੋਣਗੇ। ਇਹ ਵਾਧਾ ਪੁਰਾਣੇ ਸ਼ਹਿਰੀ ਇੰਫਰਾਸਟ੍ਰਕਚਰ ਤੇ ਖਾਸ ਦਬਾਅ ਪਾ ਸਕਦਾ ਹੈ ਅਤੇ ਸ਼ਹਿਰਾਂ ਵਿੱਚ ਭੋਜਨ, ਪਾਣੀ, ਊਰਜਾ, ਸਿਹਤ ਦੇਖਭਾਲ, ਆਵਾਜਾਈ ਅਤੇ ਸੁਰੱਖਿਆ ਦੀਆਂ ਬਹੁਤ ਜ਼ਿਆਦਾ ਮੰਗਾਂ ਪੈਦਾ ਕਰ ਸਕਦਾ ਹੈ।

ਪੈਨਲ ਦੇ ਮੈਂਬਰਾਂ ਨੇ ਇਸ ਦ੍ਰਿਸ਼ਟੀਕੋਣ ਦੇ ਵਿਰੁੱਧ ਵੀ ਸੁਚੇਤ ਕੀਤਾ, ਜਿਸ ਵਿੱਚ ਹਰੇਕ ਸ਼ਹਿਰੀ ਸਮੱਸਿਆ ਲਈ ਤਕਨੀਕ ਨੂੰ "ਸਰਬੋਤਮ" ਮੰਨਿਆ ਜਾਂਦਾ ਹੈ। ਸਮਾਰਟ ਸਿਟੀ ਦੇ ਪਲਾਨਰਾਂ ਨੂੰ ਕਈ ਤਰ੍ਹਾਂ ਦੇ ਰਚਨਾਤਮਕ ਹੱਲ ਲੱਭਣ ਦੀ ਵੀ ਲੋੜ ਹੈ, ਜੋ ਤਕਨੀਕ ਤੋਂ ਵਧ ਕੇ ਹੋਣ, ਜਿਵੇਂ ਕਿ ਭਾਈਚਾਰੇ ਦੀ ਸੰਮਿਲਿਤ ਭਾਗੀਦਾਰੀ ਅਤੇ ਅਕਾਦਮਿਕ ਅਤੇ ਕਾਰੋਬਾਰੀ ਸੈਕਟਰਾਂ ਦੇ ਨਾਲ ਸਹਿਯੋਗ ਕਰਨਾ।

ਇਹ ਕਾਰਜਕਰਮ ਅਜਿਹੇ ਸਮੇਂ ਵਿੱਚ ਹੋਇਆ ਹੈ, ਜਦੋਂ ਬ੍ਰੈਂਪਟਨ ਕਈ ਅਜਿਹੇ ਪ੍ਰੋਜੈਕਟਾਂ ਦਾ ਸੰਚਾਲਨ ਕਰ ਰਿਹਾ ਹੈ, ਜੋ ਨਵੀਨਤਾ, ਤਕਨੀਕ ਅਤੇ ਨੌਕਰੀ ਪੈਦਾ ਕਰਨ ਲਈ ਉਤਸ਼ਾਹਿਤ ਕਰਦੇ ਹਨ।

ਇਹਨਾਂ ਪ੍ਰੋਜੈਕਟਾਂ ਵਿੱਚ ਸ਼ਾਮਲ ਹੈ, ਸਾਈਬਰਸਿਕਿਓਰ ਕੈਟਾਲਿਸਟ (Cybersecure Catalyst) ਦੀ ਸ਼ੁਰੂਆਤ ਕਰਨ ਲਈ ਰਾਇਰਸਨ ਯੂਨੀਵਰਸਿਟੀ (Ryerson University) ਦੇ ਨਾਲ ਮਿਲ ਕੇ ਕੰਮ ਕਰਨਾ। ਇਹ ਇਸ ਵਧਦੇ ਖੇਤਰ ਵਿੱਚ ਟ੍ਰੇਨਿੰਗ ਅਤੇ ਸਰਟੀਫਿਕੇਸ਼ਨ, ਖੋਜ ਅਤੇ ਵਿਕਾਸ, ਅਤੇ ਵਿਵਸਾਇਕ ਨਵੀਨਤਾ ਨੂੰ ਵਧਾਉਣ ਲਈ ਸਾਈਬਰ ਸੁਰੱਖਿਆ ਵਾਸਤੇ ਇੱਕ ਰਾਸ਼ਟਰੀ ਕੇਂਦਰ ਹੈ।

BRAMPTON Flower City brampton.ca

media release

ਸਿਟੀ ਡਾਊਨਟਾਊਨ ਬ੍ਰੈਂਪਟਨ ਵਿੱਚ ਇੱਕ ਇਨਕਿਊਬੇਟਰ ਸਪੇਸ ਦੀ ਸ਼ੁਰੂਆਤ ਕਰਨ ਲਈ ਵੀ ਰਾਇਰਸਨ ਨਾਲ ਸਹਿਯੋਗ ਕਰ ਰਹੀ ਹੈ, ਜੋ ਉੱਭਰਦੇ ਸਟਾਰਟਅਪਸ ਅਤੇ ਸਥਾਪਤ ਕਾਰੋਬਾਰੀਆਂ, ਦੋਵਾਂ ਨੂੰ ਸਹਿਯੋਗ ਕਰਨ ਲਈ ਤਿਆਰ ਕੀਤਾ ਗਿਆ ਹੈ।

**ਹਵਾਲੇ**

"ਆਈ.ਟੀ.ਏ.ਸੀ. (ITAC) ਦੇ ਨਾਲ ਇਸ ਸਮਿਟ ਵਿੱਚ ਸਹਿ-ਮੇਜ਼ਬਾਨੀ ਕਰਨਾ – ਕੈਨੇਡਾ ਦੇ ਦੂਜੇ ਤੇਜ਼ੀ ਨਾਲ ਵਧ ਰਹੇ ਅਤੇ ਸਭ ਤੋਂ ਘੱਟ ਉਮਰ ਦੇ ਲੋਕਾਂ ਦੀ ਅਬਾਦੀ ਵਾਲੇ ਸ਼ਹਿਰ – ਬ੍ਰੈਂਪਟਨ ਲਈ ਮੁਨਾਸਬ ਹੈ। ਇਹ ਕਾਰਜਕਰਮ ਅਜਿਹੇ ਸਮੇਂ ਵਿੱਚ ਹੋਇਆ ਹੈ, ਜਦੋਂ ਬ੍ਰੈਂਪਟਨ ਵਿੱਚ ਅਜਿਹੇ ਰੋਮਾਂਚਕ ਵਿਕਾਸ ਹੋ ਰਹੇ ਹਨ, ਜੋ ਕੈਨੇਡਾ ਦੇ ਤੇਜ਼ੀ ਨਾਲ ਉੱਭਰਦੇ ਤਕਨੀਕੀ ਅਤੇ ਨਵੀਨਤਾਕਾਰੀ ਹਬ ਵਿੱਚੋਂ ਇੱਕ ਦੇ ਤੌਰ ਤੇ ਬ੍ਰੈਂਪਟਨ ਦੇ ਦਾਅਵੇ ਦਾ ਸਮਰਥਨ ਕਰਦਾ ਹੈ। ਸਾਡੇ ਸ਼ਹਿਰ ਵਿੱਚ, ਨੌਕਰੀਆਂ ਪੈਦਾ ਕਰਦੇ ਹੋਏ, ਦੁਨੀਆ ਵਿੱਚ ਸਭ ਤੋਂ ਸਮਾਰਟ ਸ਼ਹਿਰੀ ਸਥਾਨਾਂ ਵਿੱਚੋਂ ਇੱਕ ਬਣਨ ਲਈ ਲੋੜੀਂਦੇ ਕਈ ਤੱਤ ਹਨ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

"ਬ੍ਰੈਂਪਟਨ ਵਿੱਚ ਇਸ ਸਮਿਟ ਦੀ ਸਹਿ-ਮੇਜ਼ਬਾਨੀ ਕਰਨਾ, ਕੈਨੇਡਾ ਦੇ ਤਕਨੀਕੀ ਅਤੇ ਨਵੀਨਤਾਕਾਰੀ ਮੰਚ ਉੱਤੇ ਬ੍ਰੈਂਪਟਨ ਦੇ ਵਧਦੇ ਪ੍ਰਭਾਵ ਦਾ ਸਪਸ਼ਟ ਸੰਕੇਤ ਹੈ। ਬ੍ਰੈਂਪਟਨ ਟੋਰੋਂਟੋ-ਵਾਟਰਲੂ ਇਨੋਵੇਸ਼ਨ ਕੋਰੀਡੋਰ (Toronto-Waterloo Innovation Corridor) ਦੇ ਕੇਂਦਰ ਵਿੱਚ ਸਥਿਤ ਹੈ, ਜੋ ਪ੍ਰਤਿਭਾ, ਸਿੱਖਿਅਕਾਂ, ਉੱਦਮੀਆਂ ਅਤੇ ਉੱਚ-ਵਾਧੇ ਵਾਲੀਆਂ ਫਰਮਾਂ ਨੂੰ ਜੋੜਦਾ ਹੈ। G7 ਵਿੱਚ ਕਿਸੇ ਵੀ ਤਕਨੀਕੀ ਹਬ ਦੀ ਸਭ ਤੋਂ ਘੱਟ ਬਿਜਨੇਸ ਲਾਗਤ ਦੇ ਕਾਰਨ – ਅਤੇ ਉੱਚ ਅੰਤਰਰਾਸ਼ਟਰੀ ਫਰਮਾਂ ਦੇ ਨਾਲ ਇਸਦੀ ਨਿਕਟਤਾ ਦੇ ਨਾਲ, ਬ੍ਰੈਂਪਟਨ ਸਮਾਰਟ ਸਿਟੀ ਦੀਆਂ ਧਾਰਨਾਵਾਂ ਦਾ ਲਾਭ ਉਠਾਉਣ ਅਤੇ ਸ਼ਹਿਰੀ ਵਾਤਾਵਰਣ ਦੀ ਕੁਆਲਿਟੀ ਨੂੰ ਬਿਹਤਰ ਬਣਾ ਕੇ ਲੋਕਾਂ ਨੂੰ ਵਧੀਆ ਸੇਵਾ ਦੇਣ ਦੀ ਚੰਗੀ ਸਥਿਤੀ ਵਿੱਚ ਹੈ।"

- *ਜੋਸਫ ਪਿਟਾਰੀ (Joseph Pittari), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫ਼ਸਰ, ਸਿਟੀ ਆਫ ਬ੍ਰੈਂਪਟਨ*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter, Facebook ਅਤੇ Instagram 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca